# THE BHARAT SCOUTS & GUIDES, PUNJAB

(REGISTERED UNDER THE SOCIETIES REGISTRATION ACT)
(Affiliated to the Bharat Scouts and Guides, National Headquarters, New Delhi)
State Headquarters, Punjab University Campus, Sector - 14, Chandigarh 160 014
Phone No. : 0172-2542508, 2701589, E-mail : bsgpunjab@gmail.com, website : www.bsgpunjab.com
Chief Patron : H. E. THE GOVERNOR OF PUNJAB

No. BSGPB/ 296/18 Dated: 10-07-2018

1129
9/8/18

ਪੰਜਾਬ ਰਾਜ ਦੇ ਸਮੂਹ
ਜ਼ਿਲਾ ਚੀਫ ਕਮਿਸ਼ਨਰ/ਜਿਲ੍ਹਾ ਕਮਿਸ਼ਨਰ,
ਅਤੇ
ਜ਼ਿਲਾ ਸਿੱਖਿਆ ਅਫਸਰ (ਸੈ: ਸਿ/ਐ:ਸਿ:),

ਵਿਸ਼ਾ: ਸਕਾਊਟਸ/ਗਾਈਡਜ਼ ਅਤੇ ਕੱਬ/ਬੁਲਬੁਲ ਦੀ ਪ੍ਰਵੇਸ਼ ਤੋਂ ਤ੍ਰਿਤੀਆ ਸੋਪਾਨ/ਤ੍ਰਿਤੀਆ ਚਰਨ ਬੈਜ ਦੀ ਟੈਸਟਿੰਗ ਸਬੰਧੀ।
" ਤੰਦਰੁਸਤ ਪੰਜਾਬ"

ਸ਼੍ਰੀਮਾਨ/ ਸ਼੍ਰੀਮਤੀ ਜੀ,

"ਪੰਜਾਬ ਸਰਕਾਰ ਦੇ ਮਿਸ਼ਨ ਤੰਦਰੁਸਤ ਪੰਜਾਬ" ਨੂੰ ਨੌਜਵਾਨਾਂ ਤੱਕ ਪਹੁੰਚਾਉਣ ਲਈ ਭਾਰਤ ਸਕਾਊਟਸ ਅਤੇ ਗਾਈਡਜ਼, ਪੰਜਾਬ ਦੇ ਸਾਲ 2018-19 ਦੇ ਪ੍ਰੋਗਰਾਮ ਅਨੁਸਾਰ ਨੌਜਵਾਨਾਂ ਦੀ ਐਡਵਾਂਸਮੈਂਟ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਸਕਾਊਟ/ਗਾਈਡ ਅਤੇ ਕੱਬ/ਬੁਲਬੁਲ ਦੇ ਤ੍ਰਿਤੀਆ ਸੋਪਾਨ/ਤ੍ਰਿਤੀਆ ਚਰਨ/ਹਿਰੱਖ ਪੰਖ ਬੈਜ ਟੈਸਟਿੰਗ ਕੈਂਪਾਂ ਦਾ ਮਿਤੀ: 17.08.2018 ਤੋਂ 30.08.2018 ਤੱਕ (ਕੋਈ ਵੀ ਚਾਰ ਦਿਨ) ਜਿਲ੍ਹਾ /ਤਹਿਸੀਲ /ਬਲਾਕ ਪੱਧਰ ਤੇ ਆਯੋਜਿਤ ਕਰਨ ਨੂੰ ਯਕੀਨੀ ਬਣਾਇਆ ਜਾਵੇ। ਭਾਰਤ ਸਕਾਊਟਸ ਅਤੇ ਗਾਈਡਜ਼, ਪੰਜਾਬ ਨੇ ਨੌਜਵਾਨਾਂ ਵਿੱਚ ਸਵੈਪੜਚੋਲ ਅਤੇ ਜਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਹਮੇਸ਼ਾ ਹੀ ਆਪਣੀ ਸਾਰਥਕ ਭੂਮਿਕਾ ਨਿਭਾਈ ਹੈ ਤਾਂ ਜੋ ਨੌਜਵਾਨ ਜਿੰਮੇਵਾਰੀ ਦੀ ਭਾਵਨਾ ਨਾਲ "ਤੰਦਰੁਸਤ ਪੰਜਾਬ" ਮਿਸ਼ਨ ਨਾਲ ਹੱਥ ਮਿਲਾਉਂਦੇ ਹੋਏ, ਨਸ਼ਾ ਰਹਿਤ ਸਮਾਜ ਸਿਰਜਣ ਵਿੱਚ ਤਿਆਰ-ਬਰ-ਤਿਆਰ ਸਕਾਊਟਸ-ਗਾਈਡਜ਼ , ਕੱਬ/ਬੁਲਬੁਲ, ਰਾਜ ਪੁਰਸਕਾਰ/ਚਤੁਰਥਾ ਚਰਨ ਅਤੇ ਰਾਸ਼ਟਰਪਤੀ /ਗੋਲਡਨ ਐਰੋ ਐਵਾਰਡ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿਣ। ਹੋਰ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

| | | | |
|---|---|---|---|
| 1. | ਸਥਾਨ | : | ਸਰਕਾਰੀ, ਮਾਨਤਾ ਪ੍ਰਾਪਤ, ਪੀ.ਐਸ.ਈ.ਬੀ. ਪ੍ਰਾਈਵੇਟ ਅਤੇ ਸੀ.ਬੀ.ਐਸ.ਈ. ਸਬੰਧਤ ਸਕੂਲ। |
| 2. | ਮਿਤੀ | : | 17.08.2018 ਤੋਂ 30.08.2018 ਤੱਕ (ਕੋਈ ਵੀ ਚਾਰ ਦਿਨ) । |
| 3. | ਕੈਂਪ ਇੰਚਾਰਜ | : | ਹੈੱਡਮਾਸਟਰ/ਪ੍ਰਿੰਸੀਪਲ (ਸਬੰਧਤ ਸਕੂਲ) |
| 4. | ਟ੍ਰੇਨਿੰਗ ਇੰਚਾਰਜ | : | ਜਿਲ੍ਹਾ ਆਰਗੇਨਾਈਜਿੰਗ ਕਮਿਸ਼ਨਰ /ਜਿਲ੍ਹਾ ਟ੍ਰੇਨਿੰਗ ਕਮਿਸ਼ਨਰ (ਸ/ਗ) । |
| 5. | ਫੀਸ | : | ਪ੍ਰਤੀ ਸਕਾਊਟ-ਗਾਈਡ 60/- ਰੁਪਏ (ਸੱਠ ਰੁਪਏ), ਪ੍ਰਤੀ ਕੱਬ/ਬੁਲਬੁਲ 30/- ਰੁਪਏ (ਸ. ਹ. ਕ. ਰਜਿ./ਡਵੈ. ਫੀਸ) |
| 6. | ਯੋਗਤਾਵਾਂ | : | ਸਕਾਊਟ-ਗਾਈਡ/ ਕੱਬ/ਬੁਲਬੁਲ, ਜਿਨਾਂ ਨੇ ਯੂਨਿਟ ਵਿੱਚ, ਯੂਨਿਟ ਲੀਡਰ ਦੀ ਦੇਖ-ਰੇਖ, ਪੈਟਰੋਲ ਲੀਡਰ ਅਤੇ ਸਿਕਸਰ ਦੀ ਅਗਵਾਈ ਅਤੇ ਪੈਟਰੋਲ/ਟਰੁੱਪ/ਸਿਕਸ/ਪੈਕ ਮੀਟਿੰਗ ਰਾਹੀਂ ਤ੍ਰਿਤੀਆ ਸੋਪਾਨ/ਤ੍ਰਿਤੀਆ ਚਰਨ ਬੈਜ ਤੱਕ ਪੂਰਨ ਯੋਗਤਾ । |
| 7. | ਸਮਾਨ | : | ਪੂਰੀ ਅਤੇ ਸਹੀ ਵਰਦੀ, ਗਜਟ ਬਣਾਉਣ ਦਾ ਸਮਾਨ, ਲੋੜੀਂਦਾ ਰਿਕਾਰਡ ਆਦਿ । |

"ਸਕਾਊਟਿੰਗ" ਕੁਦਰਤ, ਦੇਸ਼ ਅਤੇ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਵਿਅਕਤੀਆਂ ਦਾ ਸਮੂਹ ਹੈ। ਬੱਚਿਆਂ ਵਿੱਚ ਖੇਡ-ਖੇਡ ਦੀ ਵਿਧੀਆਂ ਦੁਆਰਾ ਵਿਹਾਰਕ (Practical) ਰੂਪ ਵਿੱਚ ਨੈਤਿਕ ਅਤੇ ਵਿਅਕਤੀਗਤ ਨਿਖਾਰ ਦਾ ਵਿਕਾਸ ਹੁੰਦਾ ਹੈ। ਇਸ ਸਮੂਹ ਦੇ ਨੌਜਵਾਨਾਂ ਵਿੱਚ ਅਧਿਆਤਮਕ ਅਤੇ ਸਮਾਜਿਕ ਵਿਕਾਸ ਦੀ ਭਾਵਨਾ ਪੈਦਾ ਹੋਣ ਕਰਕੇ ਇਹ ਨੌਜਵਾਨ ਆਪਣੇ ਅਤੇ ਦੂਜਿਆਂ ਦੇ ਪ੍ਰਤੀ ਜਿੰਮੇਵਾਰੀ ਨਿਭਾਉਂਦੇ ਹੋਏ ਸਮਾਜ ਵਿੱਚ ਇਕ ਵਿਲੱਖਣ ਰੁਤਬਾ ਬਨਾਉਣ ਵਿੱਚ ਕਾਮਯਾਬ ਵਿਅਕਤੀ ਦੇ ਰੂਪ ਵਿੱਚ ਉਭਰਦੇ ਹਨ।

ਉਪਰੋਕਤ ਪ੍ਰੋਗਰਾਮ ਅਨੁਸਾਰ ਜਿਲ੍ਹੇ ਦੀ ਟ੍ਰੇਨਿੰਗ ਟੀਮ ਨੂੰ ਹਦਾਇਤ ਕਰਦੇ ਹੋਏ ਕੈਂਪਾਂ ਦਾ ਆਯੋਜਨ ਯਕੀਨੀ ਬਣਾਇਆ ਜਾਵੇ ਜੀ। ਹੋਰ ਜਾਣਕਾਰੀ ਲਈ ਮੋਬਾਇਲ ਨੰਬਰ: 08360245901, 09463995417 ਅਤੇ 09815598309 ਦੇ ਸੰਪਰਕ ਕੀਤਾ ਜਾ ਸਕਦਾ ਹੈ।

ਧੰਨਵਾਦ ਸਹਿਤ,

ਸਤਿਕਾਰ ਸਹਿਤ,

(ਓਂਕਾਰ ਸਿੰਘ) 10/7/18
ਸਟੇਟ ਆਰਗੇਨਾਈਜਿੰਗ ਕਮਿਸ਼ਨਰ (ਸ)

ਉਤਾਰਾ:
1. ਸਕੱਤਰ, ਸਿੱਖਿਆ ਵਿਭਾਗ, ਪੰਜਾਬ, ਵਿਦਿਆ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ ।
2. ਸਟੇਟ ਚੀਫ਼ ਕਮਿਸ਼ਨਰ, ਭਾਰਤ ਸਕਾਊਟਸ ਅਤੇ ਗਾਈਡਜ਼, ਪੰਜਾਬ ।
3. ਡੀ.ਜੀ.ਐਸ.ਈ., ਪੰਜਾਬ, ਵਿਦਿਆ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ ।
4. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:/ਐ:ਸਿ:), ਪੰਜਾਬ, ਵਿਦਿਆ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ ।
5. ਐਸ.ਓ.ਸੀ. (ਸ/ਗ), ਐਸ.ਟੀ.ਸੀ. (ਸ/ਗ), ਏ.ਐਸ.ਓ.ਸੀ. ਅਤੇ ਏ.ਐਸ.ਟੀ.ਸੀ. ਭਾਰਤ ਸਕਾਊਟਸ ਅਤੇ ਗਾਈਡਜ਼, ਪੰਜਾਬ।
6. ਜਿਲਾ ਸਕੱਤਰ/ਜਿਲਾ ਆਰਗੇਨਾਈਜਿੰਗ ਕਮਿਸ਼ਨਰ /ਜਿਲ੍ਹਾ ਟ੍ਰੇਨਿੰਗ ਕਮਿਸ਼ਨਰ (ਸ/ਗ) ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਟੇਟ ਆਰਗੇਨਾਈਜਿੰਗ ਕਮਿਸ਼ਨਰ (ਸ) 10/7/18